# ਈਸ਼ਵਰੀ ਰਾਜ

ਪਰਮੇਸ਼ੁਰ ਦੇ ਰਾਜ ਦੇ ਬਾਰੇ ਫ੍ਰੈਂਕਲਿਨ ਦਾ ਇੱਕ ਸ਼ੁਰੂਆਤੀ ਅਧਿਐਨ

## ਮੈਨੂੰ ਤੁਹਾਨੂੰ ਰਾਜ ਦੇ ਰਾਜੇ ਬਾਰੇ ਦੱਸਣ ਦਿਓ

ਜਿਹੜਾ ਧੰਨ ਅਤੇ ਅਦੁਤੀ ਸਰਬ ਸ਼ਕਤੀਮਾਨ ਹੈ, **ਰਾਜਿਆਂ ਦਾ ਰਾਜਾ** ਅਤੇ **ਪ੍ਰਭੂਆਂ ਦਾ ਪ੍ਰਭੂ** ਹੈ। **ਅਮਰਤਾਈ ਇਕੱਲੇ ਉਸੇ ਦੀ ਹੈ** ਅਤੇ **ਉਹ ਅਣਪੁੱਜ ਜੋਤ ਵਿੱਚ ਵੱਸਦਾ ਹੈ** ਅਤੇ ਮਨੁੱਖਾਂ ਵਿੱਚੋਂ ਕਿਨੇ ਉਸ ਨੂੰ ਨਹੀਂ ਵੇਖਿਆ, ਨਾ ਉਹ ਕਿਸੇ ਤੋਂ ਵੇਖਿਆ ਜਾ ਸੱਕਦਾ ਹੈ, ਉਸੇ ਦਾ ਆਦਰ ਅਤੇ ਪਰਾਕਰਮ ਸਦਾ ਹੀ ਹੋਵੇ। ਆਮੀਨ।

**ਉਹ ਸਭ ਤੋਂ ਪਹਿਲਾਂ ਹੈ** ਕੁਲੁੱਸੀਆਂ 1:16-17

- ਇਸ ਲਈ ਉਹ ਕਿਤੋਂ ਵੀ ਨਹੀਂ ਆਇਆ ਕਿਉਂਕਿ ਉਸ ਦੇ ਆਉਣ ਲਈ ਕੋਈ ਸਥਾਨ ਅਤੇ ਕੁਝ ਵੀ ਨਹੀਂ ਸੀ।

**ਸੱਭੋ ਕੁਝ ਉਸ ਦੇ ਰਾਹੀਂ ਉਤਪਤ ਹੋਇਆ ਹੈ** ਕੁਲੁੱਸੀਆਂ 1:16-17

- ਉਸ ਦੇ ਬੋਲੇ ਗਏ ਬਚਨ ਦੀ ਸਮਰੱਥਾ ਅਤੇ ਅਧਿਕਾਰ ਨਾਲ

**ਸੱਭੋ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ** ਕੁਲੁੱਸੀਆਂ 1:16-17

- ਉਹ ਇੱਕ ਪ੍ਰਮਾਣੂ ਗੂੰਦ ਹੈ ਜੋ ਕਣਾਂ ਨੂੰ ਅਤੇ ਹਰੇਕ ਚੀਜ਼ ਨੂੰ ਜੋੜ ਕੇ ਰੱਖਦਾ ਹੈ

ਫਿਲਿੱਪੀਆਂ 2:6-11

ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ **ਤੁੱਲ ਹੋਣਾ** ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ।

- ਸਾਡਾ ਪ੍ਰਭੂ ਯਿਸੂ ਮਸੀਹ ਈਸ਼ਵਰਤਵ ਵਿੱਚ ਪਿਤਾ ਪਰਮੇਸ਼ੁਰ ਦੇ ਬਰਾਬਰ ਸੀ

ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ ਕਰ ਕੇ ਦਾਸ** ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ

- ਉਸ ਨੇ ਆਪਣੀ ਪਦਵੀ ਅਤੇ ਸਿੰਘਾਸਣ ਨੂੰ ਛੱਡਿਆ, ਸਵਰਗ ਤੋਂ ਹੇਠਾਂ ਆਇਆ ਅਤੇ ਉਸ ਨੇ ਆਪਣਾ ਸਭ ਕੁਝ ਛੱਡ ਦਿੱਤਾ, ਪਰ ਆਪਣੇ ਈਸ਼ਵਰਤਵ ਨੂੰ **ਨਹੀਂ** ਛੱਡਿਆ।

ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ **ਨੀਵਿਆਂ ਕੀਤਾ** ਅਤੇ **ਮੌਤ** ਤਾਈ ਸਗੋਂ **ਸਲੀਬ ਦੀ ਮੌਤ** ਤਾਈ **ਆਗਿਆਕਾਰ** ਬਣਿਆ।

- ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। ਲੂਕਾ 19:10
- ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ **ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ** ਬਣੀਏ। 2 ਕੁਰਿੰਥੀਆਂ 5:21

ਇਸ ਕਾਰਨ **ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ** ਅਤੇ ਉਸ ਨੂੰ ਉਹ **ਨਾਮ** ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। ਭਈ **ਯਿਸੂ** ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ

ਹੇਠਲਿਆਂ ਵਿੱਚੋਂ **ਹਰ ਗੋਡਾ ਨਿਵਾਇਆ ਜਾਵੇ** ਅਤੇ **ਹਰ ਜ਼ਬਾਨ** ਪਰਮੇਸ਼ੁਰ ਪਿਤਾ ਦੀ ਵਡਿਆਈ ਲਈ **ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ**!

**ਪਰਮੇਸ਼ੁਰ ਪਿਤਾ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ** ਅਤੇ ਪੁੱਤਰ ਪਰਮੇਸ਼ੁਰ ਨੂੰ ਰਾਜ ਦਿੱਤਾ ਲੂਕਾ 22:29

- ਇਬਰਾਨੀਆਂ 1:8 ਪਰ ਪੁੱਤਰ ਦੇ ਵਿਖੇ,–**ਤੇਰਾ ਸਿੰਘਾਸਣ** ਜੁੱਗੋ ਜੁੱਗ **ਪਰਮੇਸ਼ੁਰ** ਹੈ, ਅਤੇ ਸਿਧਿਆਈ ਦਾ ਅੱਸਾ **ਤੇਰੇ ਰਾਜ** ਦਾ ਅੱਸਾ ਹੈ।

ਦਾਨੀਏਲ 7:13–14 ਮੈਂ ਰਾਤ ਦੀਆਂ ਦਰਿਸ਼ਟੀਆਂ ਵਿੱਚ ਡਿੱਠਾ ਅਤੇ ਵੇਖੋ, ਇੱਕ ਜਣਾ ਮਨੁੱਖ ਦੇ ਪੁੱਤਰ ਵਰਗਾ ਅਕਾਸ਼ ਦੇ ਬਦਲਾਂ ਸਣੇ ਆਇਆ, ਅਤੇ ਅੱਤ ਪਰਾਚੀਨ ਤੀਕ ਅੱਪੜਿਆ, ਅਤੇ ਓਹ ਉਹ ਨੂੰ ਉਸ ਦੇ ਅੱਗੇ ਲਿਆਏ। **ਪਾਤਸ਼ਾਹੀ** ਅਰ **ਪਰਤਾਪ** ਅਰ **ਰਾਜ** ਉਹ ਨੂੰ ਦਿੱਤਾ ਗਿਆ, ਭਈ ਸੱਭੇ ਕੌਮਾਂ ਅਰ ਲੋਕ ਅਰ ਬੋਲੀਆਂ ਉਹ ਦੀ ਟਹਿਲ ਕਰਨ। **ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ**, ਅਤੇ **ਉਹ ਦਾ ਰਾਜ** ਅਜਿਹਾ ਹੈ **ਜੋ ਟਲੇਗਾ ਨਾ।**

ਪਰਕਾਸ਼ ਦੀ ਪੋਥੀ 19:11–16 ਮੈਂ ਅਕਾਸ਼ ਨੂੰ ਖੁਲ੍ਹਿਆ ਹੋਇਆ ਡਿੱਠਾ, ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਅਤੇ ਉਹ ਦਾ ਸਵਾਰ **ਵਫ਼ਾਦਾਰ** ਅਤੇ **ਸੱਚਾ** ਸਦਾਉਂਦਾ ਹੈ ਅਤੇ ਉਹ ਧਰਮ ਨਾਲ ਨਿਆਉਂ ਅਤੇ ਜੁੱਧ ਕਰਦਾ ਹੈ। ਉਹ ਦੀਆਂ ਅੱਖੀਆਂ ਅੱਗ ਦੀ ਲਾਟ ਹਨ ਅਤੇ ਉਹ ਦੇ ਸਿਰ ਉੱਤੇ ਬਹੁਤ ਸਾਰੇ ਮੁਕਟ ਹਨ ਅਤੇ ਉਹ ਦਾ ਇੱਕ ਨਾਮ ਲਿਖਿਆ ਹੋਇਆ ਹੈ ਜਿਹ ਨੂੰ ਉਹ ਦੇ ਬਿਨਾ ਹੋਰ ਕੋਈ ਨਹੀਂ ਜਾਣਦਾ। ਅਤੇ ਉਹ ਇੱਕ ਬਸਤਰ ਲਹੂ ਨਾਲ ਛਿੜਕਿਆ ਹੋਇਆ ਪਹਿਨੇ ਹੋਏ ਹੈ ਅਤੇ ਉਹ ਦਾ ਨਾਮ **ਪਰਮੇਸ਼ੁਰ ਦਾ ਸ਼ਬਦ** ਅਖਵਾਉਂਦਾ ਹੈ। ਅਤੇ ਜਿਹੜੀਆਂ ਫੌਜਾਂ ਸੁਰਗ ਵਿੱਚ ਹਨ ਓਹ ਚਿੱਟੇ ਅਤੇ ਸਾਫ਼ ਕਤਾਨੀ ਕੱਪੜੇ ਪਹਿਨੀ ਨੁਕਰਿਆਂ ਘੋੜਿਆਂ ਉੱਤੇ ਉਹ ਦੇ ਮਗਰ ਮਗਰ ਆਉਂਦੀਆਂ ਹਨ। ਅਤੇ ਉਹ ਦੇ ਮੂੰਹ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ ਭਈ ਓਸ ਨਾਲ ਉਹ ਕੌਮਾਂ ਨੂੰ ਮਾਰੇ ਅਤੇ ਉਹ ਲੋਹੇ ਦੇ ਡੰਡੇ ਨਾਲ ਓਹਨਾਂ ਉੱਤੇ ਹਕੂਮਤ ਕਰੇਗਾ, ਅਤੇ ਉਹ ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਦੇ ਚੁਬੱਚੇ ਨੂੰ ਲਿਤਾੜਦਾ ਹੈ। ਉਹ ਦੇ ਬਸਤਰ ਉੱਤੇ ਅਰ ਉਹ ਦੇ ਪੱਟ ਉੱਤੇ ਇਹ ਨਾਮ ਲਿਖਿਆ ਹੋਇਆ ਹੈ,—**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।**

ਦਾਨੀਏਲ 2:44 ਉਨ੍ਹਾਂ ਰਾਜਿਆਂ ਦੇ ਦਿਨਾਂ ਵਿੱਚ **ਅਕਾਸ਼ ਦਾ ਪਰਮੇਸ਼ੁਰ ਇੱਕ ਰਾਜ ਖੜਾ ਕਰੇਗਾ ਜਿਹੜਾ ਸਦਾ ਤੀਕ ਨੇਸਤ ਨਾ ਹੋਵੇਗਾ** ਅਤੇ ਉਹ ਦੀ ਹੁਕਮਰਾਨੀ ਦੂਜੇ ਲੋਕਾਂ ਲਈ ਛੱਡੀ ਨਾ ਜਾਵੇਗੀ ਸਗੋਂ ਉਹ ਏਹਨਾਂ ਸਾਰੀਆਂ ਪਾਤਸ਼ਾਹੀਆਂ ਨੂੰ ਚੂਰ ਚੂਰ ਕਰ ਕੇ ਸਤਿਆ ਨਾਸ ਕਰੇਗਾ ਪਰ ਆਪ **ਸਦਾ ਤਾਈਂ ਖੜਾ ਰਹੇਗਾ।**

ਦਾਨੀਏਲ 7:18 ਪਰ **ਅੱਤ ਮਹਾਨ** ਦੇ **ਸੰਤ ਰਾਜ ਲੈ ਲੈਣਗੇ** ਅਤੇ ਜੁੱਗਾਂ ਤੀਕ, ਹਾਂ, **ਜੁੱਗੋ ਜੁੱਗ ਤੀਕ ਉਸ ਰਾਜ ਦੇ ਮਾਲਕ ਹੋਣਗੇ।**

## ਪਰਮੇਸ਼ੁਰ ਦਾ ਰਾਜ ਕੀ ਹੈ?

ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ।
ਰੋਮੀਆਂ 14:17

- **ਧਾਰਮਿਕਤਾ** (ਕੋਈ ਪਾਪ ਨਹੀਂ)
  - ਧਰਮ ਦੇ ਮਾਰਗਾਂ ਵਿੱਚ ਉਹ ਆਪਣੇ ਨਾਮ ਦੇ ਨਮਿੱਤ ਮੇਰੀ ਅਗਵਾਈ ਕਰਦਾ ਹੈ। ਜ਼ਬੂਰ 23:3

- **ਸ਼ਾਂਤੀ**
  - ਉਹ ਮੈਨੂੰ ਹਰੇ ਹਰੇ ਘਾਹ ਦੀਆਂ ਜੂਹਾਂ ਵਿੱਚ ਬਿਠਾਉਂਦਾ ਹੈ, ਉਹ ਮੈਨੂੰ ਸੁਖਦਾਇਕ ਪਾਣੀਆਂ ਕੋਲ ਲੈ ਜਾਂਦਾ ਹੈ। ਜ਼ਬੂਰ 23:2

- **ਅਨੰਦ**
  - ਤੇਰੇ ਹਜ਼ੂਰ ਅੰਨਦ ਦੀ ਭਰਪੂਰੀ ਹੈ ਜ਼ਬੂਰ 16:11

ਅਸੀਂ ਸਵਰਗ ਦੇ ਰਾਜ ਵਿੱਚ ਕਿਵੇਂ ਦਾਖਲ ਹੁੰਦੇ ਹਾਂ?

1. ਦੋ ਜਨਮ ਜ਼ਰੂਰੀ ਹਨ:
   - ਯੂਹੰਨਾ 3:5-6 ਯਿਸੂ ਨੇ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ (ਕੁਦਰਤੀ ਜਨਮ) ਅਰ ਆਤਮਾ (ਆਤਮਿਕ ਜਨਮ) ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸੱਕਦਾ। [6]ਜਿਹੜਾ ਸਰੀਰ ਤੋਂ ਜੰਮਿਆ (ਕੁਦਰਤੀ ਜਨਮ) ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ (ਆਤਮਿਕ ਜਨਮ) ਉਹ ਆਤਮਾ ਹੈ।

2. ਆਪਣੇ ਸਵਰਗੀ ਪਿਤਾ ਦੇ ਉੱਤੇ ਬੱਚਿਆਂ ਵਰਗਾ ਵਿਸ਼ਵਾਸ ਅਤੇ ਭਰੋਸਾ। ਤੁਸੀਂ ਵਿਸ਼ਵਾਸ ਕਰਦੇ ਹੋ ਕਿ ਹਰੇਕ ਚੀਜ਼ ਜੋ ਉਹ ਬੋਲਦਾ ਹੈ ਉਹ ਸੱਚ ਹੈ ਅਤੇ ਕੁਝ ਵੀ ਜਾਂ ਕੋਈ ਹੋਰ ਉਸ ਦੇ ਤੁੱਲ ਨਹੀਂ ਹੈ। ਉਹ ਦੂਸਰੇ ਸਾਰਿਆਂ ਨਾਲੋਂ ਤਾਕਤਵਰ ਹੈ। ਜਦੋਂ ਉਹ ਤੁਹਾਨੂੰ ਹਵਾ ਦੇ ਵਿੱਚ ਉਛਾਲਦਾ ਹੈ ਤਾਂ ਤੁਹਾਨੂੰ ਕੋਈ ਡਰ ਨਹੀਂ ਲੱਗਦਾ ਕਿਉਂਕਿ ਉਹ ਹਮੇਸ਼ਾ ਤੁਹਾਨੂੰ ਫੜ੍ਹ ਲੈਂਦਾ ਹੈ। ਕੋਈ ਹੋਰ ਨਹੀਂ ਹੈ ਜਿਸ ਨੂੰ ਤੁਸੀਂ ਆਪਣੇ ਪਿਤਾ ਨਾਲੋਂ ਜ਼ਿਆਦਾ ਪਿਆਰ ਕਰਦੇ ਹੋ।

   - ਲੂਕਾ 18:17 ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਪਰਮੇਸ਼ੁਰ ਦੇ ਰਾਜ ਨੂੰ ਛੋਟੇ ਬਾਲਕ ਦੀ ਨਿਆਈਂ ਕਬੂਲ ਨਾ ਕਰੇ ਉਹ ਉਸ ਵਿੱਚ ਕਦੇ ਨਾ ਵੜੇਗਾ।

ਅਗਲਾ ਪ੍ਰਸ਼ਨ ਇਹ ਹੈ: ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਕਿਵੇਂ ਰਹਿੰਦੇ ਹਾਂ?

# ਰਾਜ ਦੇ ਵਿੱਚ ਰਹਿਣਾ

ਪਰਮੇਸ਼ੁਰ ਦੇ ਰਾਜ ਦੇ ਬਾਰੇ ਫ੍ਰੈਂਕਲਿਨ ਦਾ ਇੱਕ ਸ਼ੁਰੂਆਤੀ ਅਧਿਐਨ

**ਮੱਤੀ 6:33** ਪਰ ਤੁਸੀਂ **ਪਹਿਲਾਂ** ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ **ਭਾਲੋ*** (ਜਾਂ ਇੱਛਾ ਕਰੋ) ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।** * ਆਗਿਆਤਮਕ – ਇੱਕ ਆਗਿਆ

ਮੈਨੂੰ "ਇੱਛਾ ਕਰਨਾ" ਅਨੁਵਾਦ ਬਹੁਤ ਪਸੰਦ ਹੈ ਕਿਉਂਕਿ ਇਹ ਜਾਇਜ਼ ਅਨੁਵਾਦ ਹੈ।
ਸਾਡਾ ਸਵਰਗੀ ਪਿਤਾ ਚਾਹੁੰਦਾ ਹੈ ਕਿ ਅਸੀਂ ਸਭ ਚੀਜ਼ਾਂ ਤੋਂ ਵਧਕੇ ਉਸ ਦੇ ਰਾਜ ਦੇ ਲਈ "ਇੱਛਾ" ਰੱਖੀਏ।

"ਭਾਲ ਕਰਨਾ" ਇਹ ਇਸ਼ਾਰਾ ਕਰਦਾ ਹੈ ਕਿ ਪਰਮੇਸ਼ੁਰ ਦਾ ਰਾਜ ਸਾਡੇ ਤੋਂ ਲੁਕਿਆ ਹੋਇਆ ਹੈ।
ਇਹ ਲੁਕਿਆ ਹੋਇਆ ਨਹੀਂ ਹੈ, ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ (ਲੂਕਾ 17:21)
ਜੇਕਰ ਤੁਸੀਂ ਇਸ ਦੀ ਇੱਛਾ ਕਰਦੇ ਹੋ -> ਤਾਂ ਤੁਸੀਂ ਇਸ ਦੀ ਭਾਲ ਕਰੋਗੇ।

- ਇਹ ਕੀ ਹੈ ਜਿਸ ਦੀ ਅਸੀਂ ਭਾਲ ਕਰਨੀ ਹੈ?? ਪਰਮੇਸ਼ੁਰ ਦਾ ਰਾਜ ਕੀ ਹੈ??
- ਇੱਕ ਛੋਟਾ ਉੱਤਰ ਉੱਥੇ ਮਿਲਦਾ ਹੈ ਜਿੱਥੇ ਯਿਸੂ ਨੇ ਸਾਨੂੰ ਦੱਸਿਆ ਕਿ ਕਿਵੇਂ ਪ੍ਰਾਰਥਨਾ ਕਰਨੀ ਚਾਹੀਦੀ ਹੈ:

ਮੱਤੀ 6:9-10 ਹੇ ਸਾਡੇ **ਪਿਤਾ**, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, **10ਤੇਰਾ ਰਾਜ ਆਵੇ** (ਕਿਵੇਂ?), **ਤੇਰੀ ਮਰਜ਼ੀ** ਜਿਹੀ ਸੁਰਗ ਵਿੱਚ **ਪੂਰੀ** ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।

- ਉਸ ਦਾ ਰਾਜ ਆਉਂਦਾ ਹੈ ਅਤੇ ਹੈ -> ਜਦੋਂ ਉਸ ਦੀ ਇੱਛਾ ਪੂਰੀ ਕੀਤੀ ਜਾਂਦੀ ਹੈ -> ਜਦੋਂ ਉਸ ਦੀ ਆਗਿਆ ਮੰਨੀ ਜਾਂਦੀ ਹੈ . . . ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ।

- ਜਦੋਂ ਅਸੀਂ ਉਸ ਉੱਤੇ ਮੁਕਤੀਦਾਤਾ ਦੇ ਰੂਪ ਵਿੱਚ **ਵਿਸ਼ਵਾਸ** ਅਤੇ ਭਰੋਸਾ ਕਰਦੇ ਹਾਂ ਅਤੇ **ਪ੍ਰਭੂ** ਦੇ ਰੂਪ ਵਿੱਚ ਉਸ ਦੀ **ਆਗਿਆ ਮੰਨਦੇ ਹਾਂ**।

  1 ਯੂਹੰਨਾ 3:22-23 ਅਤੇ **ਜੋ ਕੁਝ ਅਸੀਂ ਮੰਗਦੇ ਹਾਂ ਸੋ** ਓਸ ਤੋਂ **ਸਾਨੂੰ ਮਿਲਦਾ ਹੈ** ਕਿਉਂ ਜੋ (1) ਉਹ ਦੇ ਹੁਕਮਾਂ ਦੀ **ਪਾਲਨਾ ਕਰਦੇ ਹਾਂ** ਅਤੇ (2) ਉਹ ਕੰਮ **ਕਰਦੇ ਹਾਂ** ਜਿਹੜੇ ਉਹ ਨੂੰ ਭਾਉਂਦੇ ਹਨ। ਅਤੇ ਉਹ ਦਾ ਹੁਕਮ ਇਹ ਹੈ ਭਈ ਅਸੀਂ ਉਹ ਦੇ ਪੁੱਤਰ ਯਿਸੂ ਮਸੀਹ ਦੇ ਨਾਮ ਉੱਤੇ **ਨਿਹਚਾ** ਕਰੀਏ ਅਤੇ ਇੱਕ ਦੂਏ ਨਾਲ **ਪ੍ਰੇਮ** ਰੱਖੀਏ ਜਿਵੇਂ ਉਹ ਨੇ ਸਾਨੂੰ ਹੁਕਮ ਕੀਤਾ ਸੀ।

ਲੂਕਾ 12:32 ਹੇ ਛੋਟੇ ਝੁੰਡ, ਨਾ ਡਰ ਕਿਉਂਕਿ **ਤੁਹਾਡੇ ਪਿਤਾ ਨੂੰ ਪਸਿੰਦ ਆਇਆ ਹੈ ਜੋ ਰਾਜ ਤੁਹਾਨੂੰ ਦੇਵੇ**। ਜੇਕਰ ਤੁਸੀਂ ਸੱਚਮੁੱਚ ਇਹ ਚਾਹੁੰਦੇ ਹੋ!

- ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ। ਇਬਰਾਨੀਆਂ 11:6

ਤੁਹਾਨੂੰ ਰਾਜ ਦੀਆਂ ਚੰਗੀਆਂ ਚੀਜ਼ਾਂ ਦੇਣਾ ਉਸ ਨੂੰ ਅਨੰਦ ਦਿੰਦਾ ਹੈ:

- ❖ ਕੱਪੜੇ, ਭੋਜਨ, ਨਿਵਾਸ ਸਥਾਨ, ਤੰਦਰੁਸਤੀ
- ❖ ਬਰਕਤਾਂ ਅਤੇ ਖੁਸ਼ਹਾਲੀ

- ❖ ਅਜ਼ਾਦੀ ਅਤੇ ਛੁਟਕਾਰਾ
- ❖ ਅਧਿਕਾਰ ਅਤੇ ਸ਼ਕਤੀ
- ❖ ਖੁਸ਼ੀ ਅਤੇ ਸ਼ਾਂਤੀ ਅਤੇ ਹੋਰ ਬਹੁਤ ਕੁਝ

ਸਭ ਤੋਂ ਮਹਾਨ ਅਤੇ ਮਹੱਤਵਪੂਰਣ ਫੈਸਲਾ ਜੋ ਕਦੇ ਤੁਸੀਂ ਲਿਆ ਉਹ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨ ਅਤੇ ਉਸ ਨੂੰ ਗ੍ਰਹਿਣ ਕਰਨ ਦਾ ਸੀ।

ਜਦੋਂ ਤੁਸੀਂ ਵਿਸ਼ਵਾਸ ਕਰਦੇ ਹੋ, ਤਾਂ ਬਹੁਤ ਕੁਝ ਹੁੰਦਾ ਹੈ:

#1. ਨਵਾਂ ਜਨਮ

**1 ਪਤਰਸ** 1:23 ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਬਚਨ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ **ਨਵੇਂ ਸਿਰਿਓਂ ਜਨਮੇ** ਹੋ।

#2. ਮੌਤ ਵਿੱਚੋਂ ਕੱਢਣਾ ਅਤੇ ਜੀਵਨ ਵਿੱਚ ਰੱਖਣਾ

**ਯੂਹੰਨਾ** 5:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ **ਪਰਤੀਤ ਕਰਦਾ ਹੈ** ਜਿਨ੍ਹ ਮੈਨੂੰ ਘੱਲਿਆ **ਸਦੀਪਕ ਜੀਉਣ ਉਹ ਦਾ ਹੈ** ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ **ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।**

#3. ਤਰਜੀਹਾਂ – ਸੋਚਣ ਅਤੇ ਕੰਮ ਕਰਨ ਵਿੱਚ ਬਦਲਾਅ

**2 ਕੁਰਿੰਥੀਆਂ 5:17** ਸੋ ਜੇ ਕੋਈ ਮਸੀਹ ਵਿੱਚ ਹੈ ਤਾਂ **ਉਹ ਨਵੀਂ ਸਰਿਸ਼ਟ ਹੈ।** ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ।

#4. ਇੱਕ ਨਵਾਂ ਮਨ – ਨਵਾਂ ਨਾਮ – ਨਵਾਂ ਆਤਮਾ ਪ੍ਰਾਪਤ ਕਰਨਾ

ਹਿਜ਼ਕੀਏਲ 36:26 ਅਤੇ ਮੈਂ ਤੁਹਾਨੂੰ **ਨਵਾਂ ਦਿਲ** ਦਿਆਂਗਾ ਅਤੇ **ਨਵਾਂ ਆਤਮਾ** ਤੁਹਾਡੇ ਵਿੱਚ ਪਾਵਾਂਗਾ
ਯਸਾਯਾਹ 65:15 ਪਰ ਉਹ ਆਪਣੇ ਦਾਸਾਂ ਨੂੰ **ਦੂਜੇ ਨਾਉਂ** ਤੋਂ ਬੁਲਾਵੇਗਾ।
ਪਰਕਾਸ਼ ਦੀ ਪੋਥੀ 2:17 ਉਹ ਨੂੰ ਮੈਂ . . . ਨਵਾਂ ਨਾਉਂ . . .

#5. ਅਤੇ ਸਾਨੂੰ **ਅੰਧਕਾਰ ਦੇ ਵੱਸ** ਵਿੱਚੋਂ **ਛੁਡਾ ਕੇ** ਆਪਣੇ ਪਿਆਰੇ ਪੁੱਤਰ ਦੇ **ਰਾਜ** ਵਿੱਚ **ਪੁਚਾ ਦਿੱਤਾ**।
ਕੁਲੁੱਸੀਆਂ 1:13-14

- **ਨਵਾਂ**, ਸਾਡੇ ਵਿੱਚ ਨਵਾਂ ਜਨਮ ਪਾਇਆ ਹੋਇਆ **ਵਿਅਕਤੀ**, ਰਾਜ ਵਿੱਚ **ਪੁਚਾਇਆ** ਜਾਂਦਾ ਹੈ। ਇਹ ਹੈ: ਅਤੇ **ਨਵੀਂ ਇਨਸਾਨੀਅਤ** ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ **ਸਚਿਆਈ** ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ। ਅਫਸੀਆਂ 4:24

ਪਰਮੇਸ਼ੁਰ ਆਪਣੇ ਸਦੀਪਕ ਨਜ਼ਰੀਏ ਨਾਲ ਸਾਨੂੰ ਜੀਉਂਦੇ ਅਤੇ ਸਾਡੇ ਪੁਰਾਣੇ ਪਾਪਮਈ ਸੁਭਾਉ ਨੂੰ ਮਰਿਆ ਹੋਇਆ ਵੇਖਦਾ ਹੈ:

**ਤੁਸੀਂ ਮੁਰਦੇ ਸਾਓ** (ਅਫਸੀਆਂ 2:1)। ਜਿਹਦੇ ਵਿੱਚ ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ **ਜਿਹ ਦੇ ਵਿੱਚ ਸਰੀਰਕ ਮਾਸ ਲਾਹ ਸੁੱਟੀਦਾ ਹੈ।** [12]**ਤੁਸੀਂ** ਬਪਤਿਸਮਾ ਵਿੱਚ

ਉਹ ਦੇ ਨਾਲ **ਦੱਬੇ ਗਏ** (ਸਾਡੀ ਪੁਰਾਣੀ ਇਨਸਾਨੀਅਤ ਅਤੇ ਕਬਰ ਵਿੱਚ ਛੱਡੀ ਗਈ) ਜਿਹ ਦੇ ਵਿੱਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ **ਤੁਸੀਂ** (ਸਾਡੀ ਨਵੀਂ ਦੁਬਾਰਾ ਜਨਮੀ ਹੋਈ ਇਨਸਾਨੀਅਤ) **ਉਹ ਦੇ ਨਾਲ ਉਠਾਏ ਵੀ ਗਏ।** ਕੁਲੁੱਸੀਆਂ 2:11-12 (ਇਹ ਹਵਾਲਾ ਨਿਊ ਲਿਵਿੰਗ ਟਰਾਂਸਲੇਸ਼ਨ ਤੋਂ ਲਿਆ ਗਿਆ ਹੈ)

ਇਸ ਲਈ ਪ੍ਰਭੂ ਪਰਮੇਸ਼ੁਰ ਸਾਨੂੰ ਇਸ ਤਰ੍ਹਾਂ ਵੇਖਦਾ ਹੈ -> "ਸਾਡੀ ਪੁਰਾਣੀ ਇਨਸਾਨੀਅਤ" ਮਰ ਗਈ ਅਤੇ ਦਫ਼ਨਾਈ ਗਈ -> ਅਤੇ ਸਾਡੀ ਨਵੀਂ "ਦੁਬਾਰਾ ਜਨਮੀ ਹੋਈ ਇਨਸਾਨੀਅਤ" ਨਵੇਂ ਜੀਵਨ ਲਈ ਉਠਾਈ ਗਈ -> ਵਿਸ਼ਵਾਸੀਆਂ ਦਾ ਸਦੀਪਕ ਜੀਵਨ ਪੱਕਾ ਹੈ, ਇੱਕ ਯਕੀਨਨ ਚੀਜ਼ ਹੈ।

ਹਾਲਾਂਕਿ ਸਾਡਾ "ਪੁਰਾਣਾ ਸੁਭਾਉ" ਹੁਣ ਵੀ ਸਾਡੇ ਨਾਲ ਹੈ। ਇਹ ਇੱਕ ਸਮੱਸਿਆ ਹੈ, ਇੱਕ ਵੱਡੀ ਸਮੱਸਿਆ।

ਪਰ ਸਾਨੂੰ ਦੱਸਿਆ ਗਿਆ ਹੈ: **ਇਸੇ ਤਰਾਂ ਤੁਸੀਂ ਭੀ ਆਪ ਆਪਣੇ ਨੂੰ ਪਾਪ ਦੀ ਵੱਲੋਂ ਮੋਏ ਹੋਏ** ਪਰ ਮਸੀਹ ਯਿਸੂ
ਵਿੱਚ **ਪਰਮੇਸ਼ੁਰ ਲਈ ਜੀਉਂਦੇ ਸਮਝੋ***।(ਜੋ ਅਸੀਂ ਹਾਂ ਉਹ ਬਣੀਏ) 12ਉਪਰੰਤ **ਪਾਪ** ਤੁਹਾਡੀ ਮਰਨਹਾਰ ਦੇਹੀ ਵਿੱਚ
**ਰਾਜ ਨਾ ਕਰੇ** ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ **ਅਧੀਨ** ਹੋਵੋ। 13ਅਤੇ ਆਪਣੇ ਅੰਗ **ਕੁਧਰਮ** ਦੇ
ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ **ਜੀ ਉੱਠੇ** ਹੋਏ ਜਾਣ ਕੇ ਪਰਮੇਸ਼ੁਰ ਨੂੰ
ਸੌਂਪ ਦਿਓ ਅਤੇ ਆਪਣੇ ਅੰਗ **ਧਰਮ** ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ। 14ਕਿਉਂ ਜੋ ਤੁਹਾਡੇ ਉੱਤੇ
ਪਾਪ ਦੀ **ਵਾਹ** ਨਾ ਚੱਲੇਗੀ ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ। ਰੋਮੀਆਂ 6:8-14
*ਆਗਿਆਤਮਕ - ਇੱਕ ਆਗਿਆ

- ਪੁਰਾਣਾ ਮਰਿਆ ਹੋਇਆ ਪਾਪਮਈ ਸੁਭਾਉ ਸਵਰਗ ਦੇ ਰਾਜ ਦੇ ਵਿੱਚ ਦਾਖਲ ਨਹੀਂ ਹੋ ਸਕਦਾ।
- ਪਵਿੱਤਰ ਆਤਮਾ ਦੇ ਦੁਆਰਾ ਅਗਵਾਈ ਪਾਉਣਾ -> ਸਵਰਗ ਦੇ ਰਾਜ ਵਿੱਚ ਚੱਲਣਾ ਹੈ
- ਜਦੋਂ ਅਸੀਂ ਸਰੀਰ ਦੀ ਅਗਵਾਈ ਵਿੱਚ ਚੱਲਦੇ ਹਾਂ -> ਅਸੀਂ ਇਸ ਸੰਸਾਰ ਦੇ ਰਾਜ ਵਿੱਚ ਚੱਲਦੇ ਹਾਂ, ਜੋ ਸ਼ਤਾਨ ਨੂੰ ਇੱਕ ਮੌਕਾ ਦਿੰਦਾ ਹੈ।
- ਇਸ ਲਈ ਇਹ ਬਹੁਤ ਮਹੱਤਵਪੂਰਣ ਹੋ ਜਾਂਦਾ ਹੈ ਕਿ ਅਸੀਂ "ਆਪਣੀ ਸਲੀਬ ਲਈਏ ਅਤੇ ਆਪਣੇ ਪੁਰਾਣੇ ਸੁਭਾਉ ਨੂੰ ਸਲੀਬ ਉੱਤੇ ਚੜ੍ਹਾਇਆ ਰਹਿਣ ਦੇਈਏ। ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ **ਕਰੇ** ਅਤੇ **ਰੋਜ਼ ਆਪਣੀ ਸਲੀਬ ਚੁੱਕ ਕੇ** ਮੇਰੇ ਪਿੱਛੇ ਚੱਲੇ। ਲੂਕਾ 9:23-24

ਕੇਵਲ ਨਵਾਂ ਸੁਭਾਉ ਹੀ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋ ਸਕਦਾ ਹੈ ਜਦੋਂ ਇਹ ਧਾਰਮਿਕਤਾ ਅਤੇ ਪਵਿੱਤਰਤਾਈ ਵਿੱਚ ਰਚਿਆ ਜਾਂਦਾ ਹੈ। ਅਫਸੀਆਂ 4:24

ਸਾਡੇ ਨਵਾਂ ਜਨਮ ਲੈਣ ਤੋਂ ਬਾਅਦ **ਸਾਡੇ ਦੋ ਸੁਭਾਉ** ਜਾਂ ਦੋ ਚਰਿੱਤਰ **ਹਨ** ਜੋ ਸਾਡੇ ਵਿਹਾਰ ਕਰਨ ਦੇ ਢੰਗ ਨੂੰ ਤੈਅ ਕਰਦੇ ਹਨ, ਕੇਵਲ ਇੱਕ ਹੀ ਨਹੀਂ ਹੈ!

- **"ਪੁਰਾਣੀ ਇਨਸਾਨੀਅਤ"** – ਪੁਰਾਣਾ ਸੁਭਾਉ
  - ✓ ਆਪਣੇ ਹੀ ਲਈ ਜੀਉਣਾ
  - ✓ ਸਰੀਰ ਦੇ ਵੱਸ ਵਿੱਚ
  - ✓ ਲਾਲਸਾ ਦੇ ਦੁਆਰਾ ਪ੍ਰੇਰਿਤ
  - ✓ ਪਾਪ ਨੂੰ "ਹਾਂ" ਕਹਿੰਦਾ ਹੈ

- **"ਨਵੀਂ ਇਨਸਾਨੀਅਤ"** – ਨਵਾਂ ਮਨੁੱਖ
  - ✓ ਦੂਸਰਿਆਂ ਲਈ ਜੀਉਣਾ
  - ✓ ਆਤਮਾ ਦੇ ਵੱਸ ਵਿੱਚ
  - ✓ ਪਿਆਰ ਦੁਆਰਾ ਪ੍ਰੇਰਿਤ
  - ✓ ਪ੍ਰਭੂ ਨੂੰ "ਹਾਂ" ਕਹਿੰਦਾ ਹੈ

**ਖੁਸ਼ੀ ਦੀ ਖ਼ਬਰ ਹੈ:** ਸ਼ਤਾਨ ਨਵੇਂ ਮਨੁੱਖ ਨੂੰ ਛੂਹ ਨਹੀਂ ਸਕਦਾ

- ਯਾਕੂਬ 4:6-7 . . . ਉਪਰੰਤ ਤੁਸੀਂ ਪਰਮੇਸ਼ੁਰ ਦੇ **ਅਧੀਨ ਹੋਵੋ**। ਪਰ ਸ਼ਤਾਨ ਦਾ **ਸਾਹਮਣਾ ਕਰੋ** ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ।

- 1 ਯੂਹੰਨਾ 5:18 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ("ਨਵਾਂ" ਮਨੁੱਖ) ਸੋ ਪਾਪ ਨਹੀਂ ਕਰਦਾ ਸਗੋਂ ਜਿਹੜਾ ਪਰਮੇਸ਼ੁਰ (ਯਿਸੂ) ਤੋਂ ਜੰਮਿਆ ਸੀ **ਉਹ** ਉਸ ਦੀ ਰੱਛਿਆ ਕਰਦਾ ਹੈ ਅਤੇ ਉਹ **ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ।**

- ਕਹਾਉਤਾਂ 1:33 ਪਰ **ਜੋ ਮੇਰੀ ਸੁਣਦਾ ਹੈ** ਉਹ **ਸੁਖ** ਨਾਲ ਵੱਸੇਗਾ, ਅਤੇ **ਬਲਾ ਤੋਂ ਨਿਰਭੈ ਹੋ ਕੇ ਸ਼ਾਂਤੀ ਨਾਲ ਰਹੇਗਾ।**

**ਬੁਰੀ ਖ਼ਬਰ ਹੈ:** ਸ਼ਤਾਨ "ਪੁਰਾਣੀ ਪਾਪਮਈ ਇਨਸਾਨੀਅਤ" ਉੱਤੇ ਹਮਲਾ ਕਰ ਸਕਦਾ ਹੈ

- **ਕਿਹੜੇ ਪਾਪ ਹਨ ਜੋ ਸ਼ਤਾਨ ਨੂੰ ਇੱਕ ਮੌਕਾ ਦਿੰਦੇ ਹਨ?**

ਅਫਸੀਆਂ 4:17-32 ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿੱਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ (1) ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੀ ਬੁੱਧ ਦੇ **ਵਿਰਥਾਪੁਣੇ** ਨਾਲ ਚੱਲਦੀਆਂ ਹਨ। (18) ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। (19) ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ **ਹਰ ਭਾਂਤ** ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ। (20) ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! (21) ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿੱਚ ਹੈ ਤਿਵੇਂ ਉਸ

ਵਿੱਚ ਤੁਸੀਂ ਸਿਖਾਏ ਗਏ ਹੋ। (22) ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। (23) ਅਤੇ ਆਪਣੇ **ਮਨ** ਦੇ ਸੁਭਾਉ ਵਿੱਚ **ਨਵੇਂ ਬਣੋ** (24) ਅਤੇ **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ਜਿਹੜੀ **ਪਰਮੇਸ਼ੁਰ ਦੇ ਅਨੁਸਾਰ** ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ। (25) ਇਸ ਲਈ ਤੁਸੀਂ **ਝੂਠ** ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੋ ਕਿਉਂ ਜੋ ਅਸੀਂ ਇੱਕ ਦੂਏ ਦੇ ਅੰਗ ਹਾਂ। (26) ਤੁਸੀਂ **ਗੁੱਸੇ** ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ! (27) ਅਤੇ **ਨਾ ਸ਼ਤਾਨ ਨੂੰ ਥਾਂ ਦਿਓ!** (28) ਚੋਰੀ ਕਰਨ ਵਾਲਾ ਅਗਾਹਾਂ ਨੂੰ **ਚੋਰੀ** ਨਾ ਕਰੇ ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ ਕੁਝ ਉਹ ਦੇ ਕੋਲ ਹੋਵੇ। (29) ਕੋਈ **ਗੰਦੀ ਗੱਲ** ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ। (30) ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ। (31) ਸਭ ਕੁੜੱਤਣ, ਕ੍ਰੋਧ, ਕੋਪ, ਰੌਲਾ ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ

ਸਾਰੇ ਅਤੇ ਹਰੇਕ ਪਾਪ ਸ਼ਤਾਨ ਨੂੰ ਇੱਕ ਮੌਕਾ ਦਿੰਦਾ ਹੈ ਅਤੇ ਉਸ ਲਈ ਬੂਹਾ ਖੋਲ੍ਹਦਾ ਹੈ।
ਇਸ ਲਈ ਤੋਬਾ ਕਰਨ ਅਤੇ ਹਰੇਕ ਪਾਪ ਦਾ ਅੰਗੀਕਾਰ ਕਰਨ ਲਈ ਬਹੁਤ ਜਲਦੀ ਕਰੋ 1 ਯੂਹੰਨਾ 1:9

ਮੱਤੀ 4:17 ਉਸੇ ਵੇਲਿਓਂ ਯਿਸੂ ਪਰਚਾਰ ਕਰਨ ਅਤੇ ਕਹਿਣ ਲੱਗਾ ਭਈ **ਤੋਬਾ ਕਰੋ** ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ।

ਸ਼ਤਾਨ ਨੂੰ ਇੱਕ ਮੌਕਾ ਦੇਣ ਦੀ ਉਦਾਹਰਣ: ਲੂਕਾ 22:24, 31-34

[24]ਉਨ੍ਹਾਂ ਵਿੱਚ ਇਹ ਤਕਰਾਰ ਵੀ ਹੋਇਆ ਭਈ ਸਾਡੇ ਵਿੱਚੋਂ ਕੌਣ **ਵੱਡਾ** ਕਰਕੇ ਮੰਨੀਦਾ ਹੈ?

ਮੈਂ ਇਹ ਅੰਦਾਜ਼ਾ ਲਾਵਾਂਗਾ ਕਿ ਸ਼ਮਊਨ ਨੇ ਵਿਵਾਦ ਨੂੰ ਜਿੱਤ ਲਿਆ ਸੀ, ਇਹ ਹੁੰਦੇ ਹੋਏ ਕਿ ਉਹ ਪਾਣੀ ਉੱਤੇ ਚੱਲਿਆ ਸੀ। ਇਹ ਪਰਗਟ ਹੁੰਦਾ ਹੈ ਕਿ ਘਮੰਡ ਨੇ ਸ਼ਤਾਨ ਨੂੰ ਇੱਕ ਮੌਕਾ ਦਿੱਤਾ ਸੀ। ਸ਼ਤਾਨ ਕਨੂੰਨੀ ਮਾਹਰ ਹੈ। ਉਹ ਯਿਸੂ ਕੋਲ ਜਾਂਦਾ ਹੈ ਅਤੇ ਆਪਣੇ ਕਨੂੰਨੀ ਅਧਿਕਾਰ ਮੰਗਦਾ ਹੈ। ਪਾਪ ਉਸ ਦਾ ਰਾਜ ਹੈ। ਧਿਆਨ ਦੇਵੋ ਕਿ ਉਹ ਇਜ਼ਾਜਤ ਤੋਂ ਬਿਨ੍ਹਾਂ ਸ਼ਮਊਨ ਨੂੰ ਛੂਹ ਨਹੀਂ ਸਕਦਾ, ਕਿਉਂਕਿ ਸ਼ਮਊਨ ਯਿਸੂ ਨਾਲ ਸੰਬੰਧ ਰੱਖਦਾ ਸੀ। ਪਰ ਯਿਸੂ ਨੇ ਇਸ ਦੀ ਆਗਿਆ ਦਿੱਤੀ, ਸ਼ਤਾਨ ਕੋਲ ਇੱਕ ਕਨੂੰਨੀ ਅਧਿਕਾਰ ਸੀ। ਸ਼ਮਊਨ ਦੇ ਆਗੂ ਹੋਣ ਦੇ ਕਾਰਨ ਸ਼ਤਾਨ ਨੇ ਪਤਰਸ ਦੇ ਮਨ ਵਿੱਚ ਡਰ ਪਾਇਆ ਅਤੇ ਉਸ ਨੇ ਪਰਮੇਸ਼ੁਰ ਦਾ ਇਨਕਾਰ ਕੀਤਾ।

31ਹੇ ਸ਼ਮਊਨ, ਸ਼ਮਊਨ (ਪਤਰਸ ਨਹੀਂ)! ਵੇਖ, ਸ਼ਤਾਨ ਨੇ **ਤੁਹਾਨੂੰ ਮੰਗਿਆ ਹੈ** ਭਈ ਕਣਕ ਦੀ ਤਰਾਂ ਤੁਹਾਨੂੰ ਫਟਕੇ।
32ਪਰ **ਮੈਂ ਤੇਰੇ ਲਈ ਬੇਨਤੀ ਕੀਤੀ ਹੈ** ਜੋ **ਤੇਰੀ ਨਿਹਚਾ ਜਾਂਦੀ ਨਾ ਰਹੇ** ਅਰ ਜਾਂ ਤੂੰ **ਮੁੜੇ** (ਤੋਬਾ ਕੀਤੀ) ਤਾਂ ਆਪਣਿਆਂ ਭਾਈਆਂ ਨੂੰ ਤਕੜੇ ਕਰੀਂ। [33]ਤਦ ਉਸ ਨੇ ਉਹ ਨੂੰ ਕਿਹਾ, ਪ੍ਰਭੁ ਜੀ ਮੈਂ ਤੇਰੇ ਨਾਲ ਕੈਦ ਵਿੱਚ ਅਤੇ ਮਰਨ ਲਈ ਭੀ ਜਾਣ ਨੂੰ ਤਿਆਰ ਹਾਂ। [34]ਉਹ ਨੇ ਕਿਹਾ, ਪਤਰਸ ਮੈਂ ਤੈਨੂੰ ਆਖਦਾ ਹਾਂ ਕਿ ਅੱਜ ਕੁੱਕੜ ਬਾਂਗ ਨਾ ਦੇਵੇਗਾ ਜਦ ਤੀਕਰ **ਤੂੰ ਤਿੰਨ ਵਾਰੀ ਮੁੱਕਰ ਕੇ ਨਾ ਕਹੇਂ ਭਈ ਮੈਂ ਉਹ ਨੂੰ ਨਹੀਂ ਜਾਣਦਾ।**

- ਰੋਮੀਆਂ 10:9 . . . ਹਿਰਦੇ ਨਾਲ ਮੰਨ ਲਵੇਂ। ਪਰਮੇਸ਼ੁਰ ਦਿਲਾਂ ਨੂੰ ਵੇਖਦਾ ਹੈ।
- ਅਤੇ ਪਤਰਸ ਨੇ ਤੋਬਾ ਕੀਤੀ: [62]ਅਰ ਉਹ ਬਾਹਰ ਗਿਆ ਅਤੇ ਭੁੱਬਾਂ ਮਾਰ ਕੇ ਰੋਇਆ।
- ਪਾਪ ਸ਼ਤਾਨ ਦਾ ਰਾਜ ਹੈ ਅਤੇ ਸ਼ਤਾਨ ਨੂੰ ਇੱਕ ਜਾਇਜ਼ ਅਧਿਕਾਰ ਅਤੇ ਮੌਕਾ ਦਿੰਦਾ ਹੈ।

- ਤਿੰਨ ਵਾਰ ਪਰਮੇਸ਼ੁਰ ਦਾ ਇਨਕਾਰ ਕੀਤਾ ਅਤੇ ਤਿੰਨ ਵਾਰ ਅੰਗੀਕਾਰ ਕਰਦਾ ਹੈ ਕਿ ਉਹ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ। (ਯੂਹੰਨਾ 21:15-17)

---

ਸਾਡਾ ਨਵਾਂ ਨਾਮ ਅਤੇ ਨਵਾਂ ਚਰਿੱਤਰ ਪਾਉਣ ਦੀ ਉਦਾਹਰਣ:

ਯੂਹੰਨਾ 1:42 ਯਿਸੂ ਨੇ ਉਸ ਨੂੰ ਵੇਖਿਆ ਅਤੇ ਕਿਹਾ, ਤੂੰ ਯੂਹੰਨਾ ਦਾ ਪੁੱਤਰ **ਸ਼ਮਊਨ** ਹੈਂ, ਤੂੰ ਕੇਫ਼ਾਸ ਅਰਥਾਤ ਪਤਰਸ **ਸਦਾਵੇਂਗਾ**। (ਅਰਾਮੀ ਅਨੁਵਾਦ **ਪਤਰਸ**)

- ❖ ਇਸ ਸਮੇਂ ਉਸ ਨੇ ਨਵਾਂ ਜਨਮ ਨਹੀਂ ਪਾਇਆ ਸੀ।

- ❖ "ਸਦਾਵੇਂਗਾ" ਹੁਣ ਨਹੀਂ, ਪਰ ਭਵਿੱਖ ਵਿੱਚ। ਕਦੋਂ?

ਉਸ ਦਾ ਨਾਮ ਉਦੋਂ ਬਦਲਿਆ ਗਿਆ - ਜਦੋਂ ਉਸ ਨੇ ਵਿਸ਼ਵਾਸ ਕੀਤਾ:

ਮੱਤੀ 16:13-19 ਯਿਸੂ ਨੇ ਕੈਸਰੀਆ ਫ਼ਿਲਿੱਪੀ ਦੇ ਇਲਾਕੇ ਵਿੱਚ ਆਣ ਕੇ ਆਪਣੇ ਚੇਲਿਆਂ ਨੂੰ ਇਹ ਕਹਿ ਕੇ ਪੁੱਛਿਆ ਜੋ ਲੋਕ ਮਨੁੱਖ ਦੇ ਪੁੱਤਰ ਨੂੰ ਕੀ ਆਖਦੇ ਹਨ? (14) ਓਹ ਬੋਲੇ, ਕਈ ਤਾਂ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਏਲੀਯਾਹ ਅਤੇ ਕਈ ਯਿਰਮਿਯਾਹ ਯਾ ਨਬੀਆਂ ਵਿੱਚੋਂ ਕੋਈ। (15) ਉਸ ਨੇ ਉਨ੍ਹਾਂ ਨੂੰ ਕਿਹਾ, ਪਰ **ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ?** (16) ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ (ਰੋਮੀਆਂ 10:9-10)। (17) ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ **ਸ਼ਮਊਨ** ਬਰ-ਯੋਨਾਹ ਕਿਉਂ ਜੋ **ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ** ਜਿਹੜਾ ਸੁਰਗ ਵਿੱਚ ਹੈ **ਇਹ ਗੱਲ ਤੇਰੇ ਉੱਤੇ ਪਰਗਟ ਕੀਤੀ।** (18) ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ **ਤੂੰ ਪਤਰਸ** (ਪੇਟਰੋਸ) **ਹੈਂ** ਅਤੇ ਮੈਂ ਇਸ ਪੱਥਰ (ਪੇਟਰਾ) ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ। (19) **ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ** ਅਤੇ ਜੋ ਕੁਝ ਤੂੰ **ਧਰਤੀ ਉੱਤੇ** ਬੰਨ੍ਹੇਂਗਾ (ਰੋਕੇਂਗਾ) ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ **ਧਰਤੀ ਉੱਤੇ** ਖੋਲ੍ਹੇਂਗਾ (ਹੋਣ ਦੇਵੇਂਗਾ) ਸੁਰਗ ਵਿੱਚ ਖੋਲ੍ਹਿਆ ਜਾਵੇਗਾ। (ਮੱਤੀ 18:18)

ਕੁੰਜੀਆਂ ਧਰਤੀ ਉੱਤੇ ਵਰਤਣ ਲਈ ਹਨ! (ਜ਼ਬੂਰ 115:16 ਧਰਤੀ ਮਨੁੱਖ ਨੂੰ ਦਿੱਤੀ ਗਈ ਹੈ)

**ਪੇਟਰੋਸ:** ਇੱਕ ਛੋਟੀ ਚਟਾਨ, ਇੱਕ ਪੱਥਰ। ਅਸੀਂ ਵੀ "ਛੋਟੇ" ਪੱਥਰ ਹਾਂ: 1 ਪਤਰਸ 2:5

**ਪੇਟਰਾ** ਇੱਕ ਵੱਡੀ ਚਟਾਨ।

ਜ਼ਬੂਰ 95:1 ਆਓ, ਅਸੀਂ ਯਹੋਵਾਹ ਲਈ ਜੈਕਾਰਾ ਗਜਾਈਏ, ਅਤੇ **ਆਪਣੀ ਮੁਕਤ ਦੀ ਚਟਾਨ** ਲਈ ਨਾਰਾ ਮਾਰੀਏ! ਜ਼ਬੂਰ 89:26 2 ਸਮੂਏਲ 22:3, 47

ਯਿਸੂ > "ਚਟਾਨ" ਹੈ > "ਖੂੰਜੇ ਦਾ ਪੱਥਰ"

1 ਕੁਰਿੰਥੀਆਂ 3:11 ਕਿਉਂ ਜੋ ਉਸ **ਨੀਂਹ** ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ। ਮੱਤੀ 7:24 ਜੋ ਮੇਰੇ ਏਹ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ / **ਪੱਥਰ** ਉੱਤੇ ਆਪਣਾ ਘਰ ਬਣਾਇਆ।

2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ **ਉਹ ਨਵੀਂ ਸਰਿਸ਼ਟ ਹੈ।** ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ **ਨਵੀਆਂ** ਹੋ ਗਈਆਂ ਹਨ।

- ਇੱਕ ਨਵਾਂ ਨਾਮ ਇੱਕ ਨਵਾਂ ਦਿਲ
- ਇੱਕ ਨਵਾਂ ਵਿਅਕਤੀ ਅਫਸੀਆਂ 4:22-24 "ਨਵਾਂ ਵਿਅਕਤੀਤਵ"

ਅਫਸੀਆਂ 4:22-24 ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ** (ਤੁਹਾਡੇ ਵਿਚਲਾ ਸ਼ਮਊਨ) **ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਅਤੇ ਆਪਣੇ **ਮਨ** ਦੇ ਸੁਭਾਉ ਵਿੱਚ ਨਵੇਂ ਬਣੋ ਅਤੇ **ਨਵੀਂ ਇਨਸਾਨੀਅਤ** (ਤੁਹਾਡੇ ਵਿਚਲਾ ਪਤਰਸ) **ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ।

ਸਾਡੇ ਨਵਾਂ ਜਨਮ ਪਾਉਣ ਤੋਂ ਬਾਅਦ **ਸਾਡੇ ਵਿੱਚ ਦੋ ਸੁਭਾਉ ਹੁੰਦੇ ਹਨ**, ਇੱਕ ਨਹੀਂ।

- **ਪੁਰਾਣੀ ਇਨਸਾਨੀਅਤ** – ਪੁਰਾਣਾ ਪਾਪਮਈ ਸੁਭਾਉ – ਸ਼ਮਊਨ
  - ✓ ਆਪਣੇ ਲਈ ਜੀਉਂਦਾ ਹੈ
  - ✓ ਸਰੀਰ ਦੇ ਵੱਸ ਵਿੱਚ
  - ✓ ਲਾਲਸਾ ਦੁਆਰਾ ਪ੍ਰੇਰਿਤ
  - ✓ ਪਾਪ ਨੂੰ "ਹਾਂ" ਕਹਿੰਦਾ ਹੈ

- **ਨਵੀਂ ਇਨਸਾਨੀਅਤ** – ਇੱਕ ਨਵਾਂ ਧਰਮੀ ਵਿਅਕਤੀ – ਪਤਰਸ
  - ✓ ਦੂਸਰਿਆਂ ਲਈ ਜੀਉਂਦਾ ਹੈ
  - ✓ ਆਤਮਾ ਦੇ ਵੱਸ ਵਿੱਚ
  - ✓ ਪਿਆਰ ਦੇ ਦੁਆਰਾ ਪ੍ਰੇਰਿਤ
  - ✓ ਪਰਮੇਸ਼ੁਰ ਨੂੰ "ਹਾਂ" ਕਹਿੰਦਾ ਹੈ

ਰੋਮੀਆਂ 6:16 . . . ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ **ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ** ਭਾਵੇਂ ਮੌਤ ਲਈ ਪਾਪ ਦੇ, ਭਾਵੇਂ ਧਰਮ ਲਈ ਆਗਿਆਕਾਰੀ ਦੇ।

ਰੋਮੀਆਂ 6:19 ਮੈਂ ਤੁਹਾਡੇ ਸਰੀਰ ਦੀ ਦੁਰਬਲਤਾਈ ਦੇ ਕਾਰਨ ਮਨੁੱਖਾਂ ਵਾਲੀ ਗੱਲ ਆਖਦਾ ਹਾਂ ਸੋ ਜਿਵੇਂ ਤੁਸਾਂ ਆਪਣੇ ਅੰਗ ਗੰਦ ਮੰਦ ਅਤੇ ਕੁਧਰਮ ਸਗੋਂ ਅੱਤ ਕੁਧਰਮ (ਅੰਧਕਾਰ ਦਾ ਰਾਜ) ਦੀ ਗੁਲਾਮੀ ਵਿੱਚ ਸੌਂਪ ਦਿੱਤੇ **ਤਿਵੇਂ ਹੁਣ ਆਪਣੇ ਅੰਗ ਧਰਮ ਦੀ ਗੁਲਾਮੀ ਵਿੱਚ ਪਵਿੱਤਰ** (ਪਰਮੇਸ਼ੁਰ ਦਾ ਰਾਜ) **ਹੋਣ ਲਈ ਸੌਂਪ ਦਿਓ**

---

**ਯਿਸੂ ਇੱਕ ਮਨੁੱਖ ਦੇ ਰੂਪ ਵਿੱਚ,** ਤਸਵੀਰ ਜਾਂ ਕਿਸਮ ਵਿੱਚ, ਪਰਮੇਸ਼ੁਰ ਦੇ ਰਾਜ ਵਿੱਚ ਉਦੋਂ **ਦਾਖਲ ਹੋਇਆ:**

(1) **ਉਸ ਨੇ ਆਪਣੀ ਬੁਲਾਹਟ ਦਾ ਉੱਤਰ ਦਿੱਤਾ** ਅਤੇ **ਆਪਣੇ ਪਰਿਵਾਰ ਅਤੇ ਇਸ ਸੰਸਾਰ ਦੀ ਪ੍ਰਣਾਲੀ ਨੂੰ ਛੱਡਿਆ।** ਇਹ ਉਸ ਦੇ ਬਪਤਿਸਮੇ ਵਿੱਚ ਵਿਖਾਇਆ ਗਿਆ – ਆਪਣੇ ਆਪ ਦੀ ਮੌਤ ਅਤੇ ਉਸ ਦੇ ਸਵਰਗੀ ਪਿਤਾ ਦੇ ਲਈ **ਆਗਿਆਕਾਰੀ**।

(2) ਤਦ ਯਿਸੂ ਨੇ ਪਰਤਾਵੇ ਵਿੱਚ **ਸ਼ਤਾਨ ਅਤੇ ਪਾਪ ਨੂੰ "ਨਾਂਹ"** ਕਿਹਾ ਅਤੇ **ਆਪਣੇ ਸਵਰਗੀ ਪਿਤਾ ਨੂੰ "ਹਾਂ"** ਕਿਹਾ। ਯਿਸੂ **ਆਤਮਾ ਦੀ ਸ਼ਕਤੀ** ਵਿੱਚ ਗਲੀਲ ਨੂੰ ਮੁੜਿਆ **ਵੱਡੇ ਅਧਿਕਾਰ ਨਾਲ** (ਲੂਕਾ 4:14 ਅਤੇ 18)।

ਯੂਹੰਨਾ 8:29 ਅਰ ਜਿਨ੍ਹ ਮੈਨੂੰ ਘੱਲਿਆ ਉਹ **ਮੇਰੇ ਸੰਗ** ਹੈ। ਉਸ ਨੇ **ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।**

---

**ਅਬਰਾਹਾਮ** ਤਸਵੀਰ ਜਾਂ ਕਿਸਮ ਵਿੱਚ (1) ਉਦੋਂ **ਧੰਨ** ਹੋਇਆ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋਇਆ ਸੀ ਜਦੋਂ ਉਸ ਨੇ ਆਪਣੀ ਬੁਲਾਹਟ ਦਾ ਉੱਤਰ ਦਿੱਤਾ ਅਤੇ **ਪਰਮੇਸ਼ੁਰ ਦੇ ਮਗਰ ਚੱਲਣ** ਲਈ ਆਪਣੇ ਪਰਿਵਾਰ ਅਤੇ ਇਸ ਸੰਸਾਰ ਦੀ ਪ੍ਰਣਾਲੀ ਨੂੰ ਛੱਡ ਦਿੱਤਾ ਸੀ। (ਉਤਪਤ 12:1-4)। (2) ਅਤੇ ਜਦੋਂ **ਉਸ ਨੇ ਅਗਿਆਕਾਰੀ** ਦਾ ਇੱਕ **ਵੱਡਾ ਕਦਮ ਅੱਗੇ ਵਧਾਇਆ** ਤਾਂ ਉਸ ਨੂੰ **ਬਹੁਤਾਇਤ ਵਿੱਚ ਬਰਕਤ ਮਿਲੀ।** (ਉਤਪਤ 22:16-19)

> ਅਤੇ ਆਖਿਆ, ਮੈਂ ਆਪ ਆਪਣੀ ਸੌਂਹ ਖਾਧੀ ਹੈ ਯਹੋਵਾਹ ਦਾ ਵਾਕ ਹੈ ਕਿਉਂਜੋ **ਤੈਂ ਇਹ ਕੰਮ ਕੀਤਾ** ਅਤੇ ਆਪਣੇ ਪੁੱਤਰ ਸਗੋਂ ਆਪਣੇ ਇਕਲੌਤੇ ਦਾ ਵੀ **ਸਰਫਾ ਨਹੀਂ ਕੀਤਾ।** [17]ਸੋ **ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ** ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਅੱਤ ਵਧਾਵਾਂਗਾ ਅਰ **ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰੇਗੀ।** [18]ਅਤੇ ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ **ਕਿਉਂਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ।**

ਮੱਤੀ 11:12 ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ (ਜਾਂ ਧੱਕੇ ਨਾਲ ਦਾਖਲ ਹੋਇਆ) ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ (ਜਾਂ ਇਸ ਨੂੰ ਆਪਣੇ ਲਈ ਰੋਕਿਆ)

ਇਹ ਆਇਤ ਇਸ਼ਾਰਾ ਕਰਦੀ ਹੈ ਕਿ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋਣ ਲਈ ਅਤੇ ਉਸ ਵਿੱਚ ਬਣੇ ਰਹਿਣ ਲਈ ਇੱਕ ਸੰਘਰਸ਼ ਦੀ ਲੋੜ ਹੋ ਸਕਦੀ ਹੈ, ਇੱਕ ਲੜਾਈ ਦੀ ਲੋੜ ਹੋ ਸਕਦੀ ਹੈ ਜੋ ਸਾਡੇ ਪੁਰਾਣੇ ਸੁਭਾਉ ਅਤੇ ਸਾਡੇ ਨਵੇਂ ਸੁਭਾਉ ਵਿੱਚ ਹੈ।

ਗਲਾਤੀਆਂ 5:17-26 ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ **ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ** ਕਿਉਂ ਜੋ ਏਹ **ਇੱਕ ਦੂਏ ਦੇ ਵਿਰੁੱਧ ਹਨ** ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ। 18 ਪਰ ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ।

19 **ਹੁਣ ਸਰੀਰ ਦੇ ਕੰਮ** ਤਾਂ ਪਰਗਟ ਹਨ। ਉਹ ਏਹ ਹਨ–ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, 20 ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜੀਆਂ, ਫੁੱਟਾਂ, ਬਿਦਤਾਂ, 21 ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜਿਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ **ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਉਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।**

[22] ਪਰ **ਆਤਮਾ ਦਾ ਫਲ ਇਹ ਹੈ**-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, [23] ਨਰਮਾਈ, **ਸੰਜਮ**। ਇਹੋ ਜੇਹੀਆਂ ਗੱਲਾਂ ਦੇ ਵਿਰੋਧ ਕੋਈ ਸ਼ਰਾ ਨਹੀਂ ਹੈ।

[24] ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ।

[25] ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ **ਆਤਮਾ ਦੁਆਰਾ ਚੱਲੀਏ ਵੀ**। [26] ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇੱਕ ਦੂਏ ਨੂੰ ਖਿਝਾਈਏ ਅਤੇ ਇੱਕ ਦੂਏ ਨਾਲ ਖਾਰ ਕਰੀਏ।

ਉੱਪਰ ਦਿੱਤਾ ਬੰਦ ਪਰਮੇਸ਼ੁਰ ਦੇ ਰਾਜ ਵਿੱਚ ਰਹਿਣ ਲਈ ਸਾਡੇ ਸੰਘਰਸ਼ ਦੀ ਸਪਸ਼ਟ ਰੂਪ ਵਿੱਚ ਵਿਆਖਿਆ ਕਰਦਾ ਹੈ।

ਲੂਕਾ 16:16 ਤੁਰੇਤ ਅਰ ਨਬੀ ਯੂਹੰਨਾ ਤੀਕੁਰ ਸਨ। ਉਸ ਵੇਲੇ ਤੋਂ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਸੁਣਾਈ ਜਾਂਦੀ ਹੈ ਅਤੇ ਹਰ ਕੋਈ **ਜ਼ੋਰ ਮਾਰ ਕੇ ਉਸ ਵਿੱਚ ਵੜਦਾ ਹੈ।**

2 ਕੁਰਿੰਥੀਆਂ 10:4-5 ਇਸ ਲਈ ਜੋ ਸਾਡੇ **ਜੁੱਧ** ਦੇ **ਸ਼ਸਤਰ** ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ (ਗਲਤ ਵਿਸ਼ਵਾਸ)। [5] ਸੋ ਅਸੀਂ **ਵਹਿਮਾਂ** ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ **ਗਿਆਨ** ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ** ਭਈ ਉਹ **ਮਸੀਹ ਦਾ ਆਗਿਆਕਾਰ ਹੋਵੇ।**

ਇਹ ਆਇਤ ਇਸ ਨੂੰ ਸਪਸ਼ਟ ਕਰਦੀ ਹੈ ਕਿ **ਲੜਾਈ ਸਾਡੇ ਮਨ ਵਿੱਚ ਹੈ।** ਸਾਡਾ ਸੰਘਰਸ਼ ਸਾਡੇ ਸਾਰੇ ਵਿਚਾਰਾਂ ਨੂੰ **ਮਸੀਹ ਦੀ ਮਰਜ਼ੀ ਦੇ ਵਿੱਚ ਲੈ ਕੇ ਆਉਣਾ ਹੈ**

> ਤੇਰਾ ਰਾਜ ਆਵੇ,**ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।**

ਰੋਮੀਆਂ 6:17 ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ **ਤੁਸੀਂ ਪਾਪ ਦੇ ਦਾਸ ਸਾਓ** ਪਰ ਜਿਸ **ਸਿੱਖਿਆ ਦੇ ਸੰਚੇ ਵਿੱਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ**।

ਹੇਠਾਂ ਦਿੱਤੇ ਕਦਮ ਤੁਹਾਡੇ ਵਿਚਾਰਾਂ ਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਇੱਛਾ ਦੇ ਅਨੁਸਾਰ ਕਰਨ ਅਤੇ ਉਸ ਦੀ ਇੱਛਾ ਦੀ ਆਗਿਆਕਾਰੀ ਕਰਨ ਵਿੱਚ ਸਹਾਇਤਾ ਕਰਨਗੇ।

1. ਹਰੇਕ ਵਿਚਾਰ ਨੂੰ ਗੁਲਾਮ ਬਣਾਉਣ ਲਈ ਸਾਡੇ ਪੁਰਾਣੇ ਸੁਭਾਉ ਦੀਆਂ ਕਾਮਨਾਵਾਂ ਅਤੇ ਸੋਚਾਂ, ਤਰਕ, ਅਤੇ ਸੰਸਾਰ ਦੇ ਗਿਆਨ ਅਤੇ ਇਸ ਦੇ ਰਾਹਾਂ ਵਿਰੁੱਧ **ਲੜਾਈ** ਦੀ ਲੋੜ ਹੈ।

2. ਸਾਨੂੰ ਸੰਸਾਰ ਦੀਆਂ ਚੀਜ਼ਾਂ ਨਾਲੋਂ **ਯਿਸੂ ਉੱਤੇ** ਅਤੇ ਸਵਰਗੀ ਚੀਜ਼ਾਂ ਉੱਤੇ **ਆਪਣੇ ਮਨ ਨੂੰ** ਕੇਂਦ੍ਰਿਤ ਕਰਨ ਲਈ **ਦ੍ਰਿੜ ਹੋਣਾ ਚਾਹੀਦਾ ਹੈ।**

1 ਯੂਹੰਨਾ 2:15 **ਸੰਸਾਰ ਨਾਲ ਮੋਹ ਨਾ ਰੱਖੋ**, ਨਾ ਉਨ੍ਹਾਂ **ਵਸਤਾਂ** ਨਾਲ ਜੋ ਸੰਸਾਰ ਵਿੱਚ ਹਨ।

ਫਿਲਿੱਪੀਆਂ 3:18-20 18 . . . ਓਹ ਮਸੀਹ ਦੀ ਸਲੀਬ ਦੇ ਵੈਰੀ ਹਨ। 19 ਜਿਨ੍ਹਾਂ ਦਾ ਅੰਤ ਬਿਨਾਸ ਹੈ, ਜਿਨ੍ਹਾਂ ਦਾ ਈਸ਼ੁਰ ਢਿੱਡ ਹੈ, ਜਿਨ੍ਹਾਂ ਦਾ ਘੁਮੰਡ ਆਪਣੀ ਸ਼ਰਮ ਉੱਤੇ ਹੈ, **ਜਿਨ੍ਹਾਂ ਦਾ ਮਨ ਪ੍ਰਿਥਵੀ ਦੀਆਂ ਵਸਤਾਂ ਉੱਤੇ ਲੱਗਿਆ ਹੋਇਆ ਹੈ।** 20 ਕਿਉਂ ਜੋ **ਅਸੀਂ ਸੁਰਗ ਦੀ ਪਰਜਾ ਹਾਂ**

ਕੁਲੁੱਸੀਆਂ 3:2 **ਉਤਾਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ**, ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ।

ਪਵਿੱਤਰ ਆਤਮਾ ਦੇ ਦੁਆਰਾ ਚਲਾਇਆ ਜਾਂਦਾ ਮਨ ਜੀਵਨ ਅਤੇ ਸ਼ਾਂਤੀ ਹੈ

ਰੋਮੀਆਂ 8:6-8 ਕਿਉਂ ਜੋ ਸਰੀਰਕ **ਮਨਸ਼ਾ** ਮੌਤ ਹੈ ਪਰ **ਆਤਮਿਕ ਮਨਸ਼ਾ** ਜੀਵਨ ਅਤੇ ਸ਼ਾਂਤੀ ਹੈ। 7ਇਸ ਲਈ ਜੋ
ਸਰੀਰਕ ਮਨਸ਼ਾ ਪਰਮੇਸ਼ੁਰ ਨਾਲ ਵੈਰ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਸ਼ਰਾ ਦੇ ਅਧੀਨ ਨਹੀਂ ਹੈ ਅਤੇ ਨਾ ਹੀ ਹੋ ਸੱਕਦੀ
ਹੈ। 8ਅਤੇ ਜਿਹੜੇ ਸਰੀਰਕ ਹਨ ਓਹ **ਪਰਮੇਸ਼ੁਰ ਨੂੰ ਪਰਸੰਨ ਕਰ ਨਹੀਂ ਸਕਦੇ ਹਨ।**

## ਸਾਨੂੰ ਆਪਣੇ ਮਨ ਨੂੰ ਪਰਮੇਸ਼ੁਰ ਦੇ ਬਚਨ ਨਾਲ ਭਰਨਾ ਚਾਹੀਦਾ ਹੈ

ਜ਼ਬੂਰ 1:1-3 **ਧੰਨ ਹੈ** ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ
ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। 2ਪਰ **ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ**,
ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ **ਧਿਆਨ ਕਰਦਾ ਹੈ।** 3ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ
ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ
**ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

ਜ਼ਬੂਰ 19:7-14 **ਯਹੋਵਾਹ ਦੀ ਬਿਵਸਥਾ ਪੂਰੀ ਪੂਰੀ ਹੈ**, ਉਹ ਜਾਨ ਨੂੰ ਬਹਾਲ ਕਰਦੀ ਹੈ, ਯਹੋਵਾਹ ਦੀ ਸਾਖੀ ਸੱਚੀ
ਹੈ, ਉਹ ਭੋਲੇ ਨੂੰ ਬੁੱਧਵਾਨ ਕਰਦੀ ਹੈ। 8ਯਹੋਵਾਹ ਦੇ ਫ਼ਰਮਾਨ ਸਿੱਧੇ ਹਨ, ਓਹ ਦਿਲ ਨੂੰ ਅਨੰਦ ਕਰਦੇ ਹਨ, ਯਹੋਵਾਹ
ਦਾ ਹੁਕਮ ਨਿਰਮਲ ਹੈ, ਉਹ ਅੱਖੀਆਂ ਨੂੰ ਚਾਨਣ ਦਿੰਦਾ ਹੈ। 9ਯਹੋਵਾਹ ਦਾ ਭੈ ਸ਼ੁੱਧ ਹੈ, ਉਹ ਸਦਾ ਤੀਕੁਰ ਕਾਇਮ
ਰਹਿੰਦਾ ਹੈ, ਯਹੋਵਾਹ ਦੇ ਨਿਆਉਂ ਸਤ ਹਨ, ਓਹ ਨਿਰੇ ਪੁਰੇ ਧਰਮ ਹਨ। 10ਓਹ ਸੋਨੇ ਨਾਲੋਂ ਸਗੋਂ ਬਹੁਤ ਕੁੰਦਨ ਸੋਨੇ
ਨਾਲੋਂ ਮਨ ਭਾਉਂਦੇ ਹਨ, ਅਤੇ ਸ਼ਹਿਤ ਅਤੇ ਮਖੀਲ ਦਿਆਂ ਚੋਇਆਂ ਨਾਲੋਂ ਵੀ ਮਿੱਠੇ ਹਨ। 11ਨਾਲੇ ਉਨ੍ਹਾਂ ਤੋਂ ਤੇਰਾ ਦਾਸ
ਚਿਤਾਇਆ ਜਾਂਦਾ ਹੈ, ਅਰ **ਉਨ੍ਹਾਂ ਦੇ ਮੰਨਣ ਵਿੱਚ ਵੱਡਾ ਲਾਭ ਹੈ।** 12ਆਪਣੀਆਂ ਭੁੱਲਾਂ ਚੁੱਕਾਂ ਨੂੰ ਕੌਣ ਸਮਝ ਸਕਦਾ ਹੈ?
ਤੂੰ ਮੈਨੂੰ ਗੁੱਝੇ ਪਾਪਾਂ ਤੋਂ ਬਰੀ ਕਰ, 13ਨਾਲੇ ਆਪਣੇ ਦਾਸ ਨੂੰ ਹੰਕਾਰਾਂ ਤੋਂ ਰੋਕ ਰੱਖ, ਓਹ ਮੇਰੇ ਉੱਤੇ ਹਕੂਮਤ ਨਾ ਕਰਨ,
ਤਾਂ ਮੈਂ ਪੂਰਾ ਉਤਰਾਂਗਾ, ਅਤੇ ਵੱਡੇ ਅਪਰਾਧ ਤੋਂ ਬਰੀ ਠਹਿਰਾਂਗਾ। 14ਹੇ ਯਹੋਵਾਹ, ਮੇਰੀ ਚਟਾਨ ਅਰ ਮੇਰੇ ਛੁਡਾਉਣ
ਵਾਲੇ, ਮੇਰੇ ਮੂੰਹ ਦੀਆਂ ਗੱਲਾਂ ਅਤੇ ਮੇਰੇ ਮਨ ਦਾ ਵਿਚਾਰ, ਤੇਰੇ ਹਜ਼ੂਰ ਮੰਨਣ ਜੋਗ ਹੋਵੇ। ਅਤੇ ਜ਼ਬੂਰ 119

ਸਾਨੂੰ ਆਪਣੇ ਮਨ ਨੂੰ ਪਰਮੇਸ਼ੁਰ ਦੇ ਬਚਨ ਅਤੇ ਉਨ੍ਹਾਂ ਚੀਜ਼ਾਂ ਨਾਲ ਭਰਨਾ ਚਾਹੀਦਾ ਹੈ ਜੋ ਨੇਕ, ਉੱਤਮ ਅਤੇ ਉਸਤਤ ਦੇ ਯੋਗ ਹਨ।

ਫਿਲਿੱਪੀਆਂ 4:8-9 ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ,
ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ
ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ **ਇਨ੍ਹਾਂ ਗੱਲਾਂ ਦੀ ਵਿਚਾਰ ਕਰੋ।** 9ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ
ਸੁਣਿਆ ਅਤੇ ਮੇਰੇ ਵਿੱਚ ਡਿੱਠਾ **ਓਹੀਓ ਕਰੋ** ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ।

ਯਸਾਯਾਹ 26:3 ਜਿਹੜਾ **ਤੇਰੇ** ਵਿੱਚ **ਲਿਵਲੀਨ ਹੈ**, ਤੂੰ ਉਹ ਦੀ **ਪੂਰੀ ਸ਼ਾਂਤੀ** ਨਾਲ ਰਾਖੀ ਕਰਦਾ ਹੈਂ, ਇਸ ਲਈ ਭਈ ਉਹ ਦਾ ਭਰੋਸਾ ਤੇਰੇ ਉੱਤੇ ਹੈ।

ਹਮੇਸ਼ਾ ਚੌਕਸ ਰਹੋ ਕਿ ਤੁਹਾਡੀਆਂ ਅੱਖਾਂ ਕੀ ਵੇਖਦੀਆਂ ਹਨ ਅਤੇ ਤੁਹਾਡੇ ਕੰਨ ਕੀ ਸੁਣਦੇ ਹਨ।
ਸਖ਼ਤੀ ਨਾਲ ਇਨਕਾਰ ਕਰੋ:

(1) ਆਪਣੀਆਂ ਅੱਖਾਂ ਨੂੰ ਕਾਮਨਾਂ ਦੇ ਸਾਧਨ ਬਣਨ ਤੋਂ

ਅੱਯੂਬ 31:1 ਮੈਂ **ਆਪਣੀਆਂ ਅੱਖਾਂ ਨਾਲ ਨੇਮ** ਕੀਤਾ ਹੈ, ਤਾਂ ਮੈਂ ਕੁਆਰੀ ਉੱਤੇ ਕਿਸ ਤਰਾਂ ਅੱਖ ਮਟਕਾਵਾਂ?

1 ਯੂਹੰਨਾ 2:16 ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ।

(2) ਆਪਣੀਆਂ ਅੱਖਾਂ ਦੇ ਅੱਗੇ ਕੋਈ ਵਿਅਰਥ ਜਾਂ ਬੁਰੀ ਚੀਜ਼ ਨੂੰ ਰੱਖਣ ਤੋਂ ਇਨਕਾਰ ਕਰੋ . . . ਪੁਸਤਕਾਂ, ਮੈਗਜ਼ੀਨ, ਤਸਵੀਰਾਂ, ਟੀ. ਵੀ., ਆਦਿ।

ਜ਼ਬੂਰ 101:3 ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ

ਰੋਮੀਆਂ 13:14 ਸਗੋਂ ਪ੍ਰਭੂ ਯਿਸੂ ਮਸੀਹ ਨੂੰ ਪਹਿਨ ਲਓ ਅਤੇ **ਸਰੀਰ ਦੇ ਵਿਸ਼ਿਆਂ ਲਈ ਕੋਈ ਤਰੱਦਦ ਨਾ ਕਰੋ।**

ਮੱਤੀ 11:12 ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ (ਜਾਂ ਧੱਕੇ ਨਾਲ ਦਾਖਲ ਹੋਇਆ ਜਾਂਦਾ ਹੈ) ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ (ਜਾਂ ਇਸ ਨੂੰ ਆਪਣੇ ਲਈ ਰੋਕ ਲੈਂਦੇ ਹਨ)।

ਲੂਕਾ 16:16 ਤੁਰੇਤ ਅਰ ਨਬੀ ਯੂਹੰਨਾ ਤੀਕੁਰ ਸਨ। ਉਸ ਵੇਲੇ ਤੋਂ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਸੁਣਾਈ ਜਾਂਦੀ ਹੈ ਅਤੇ ਹਰ ਕੋਈ **ਜ਼ੋਰ ਮਾਰ ਕੇ ਉਸ ਵਿੱਚ ਵੜਦਾ ਹੈ**।

ਪਰਕਾਸ਼ ਦੀ ਪੋਥੀ 12:10-12 ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ ਹੁਣ **ਸਾਡੇ ਪਰਮੇਸ਼ੁਰ ਦੀ ਮੁਕਤੀ** ਅਤੇ **ਸਮਰੱਥਾ** ਅਤੇ **ਰਾਜ** ਅਤੇ ਉਹ ਦੇ ਮਸੀਹ ਦਾ **ਇਖ਼ਤਿਆਰ** ਹੋ ਗਿਆ ਕਿਉਂ ਜੋ ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ ਹੇਠਾਂ ਸੁੱਟਿਆ ਗਿਆ ਹੈ! [11]ਅਤੇ **ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ** ਅਤੇ **ਆਪਣੀ ਸਾਖੀ ਦੇ ਬਚਨ ਦੇ ਕਾਰਨ ਉਹ ਨੂੰ ਜਿੱਤ ਲਿਆ** ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।

ਇਸ ਵਿਸ਼ੇ ਦੀ www.treasurehisworld.com ਉੱਤੇ "ਸਿੱਖਿਆ ਨੋਟਸਾਂ" ਦੇ ਸਫ਼ਾ ਨੰਬਰ 5 ਉੱਤੇ ਪੂਰੀ ਤਰ੍ਹਾਂ ਨਾਲ ਵਿਆਖਿਆ ਕੀਤੀ ਗਈ ਹੈ।

ਸਿਰਲੇਖ: "ਪਰਮੇਸ਼ੁਰ ਦੇ ਰਾਜ ਦੀਆਂ ਕੁੰਜੀਆਂ"